**Parakh**
Research Journal Deptt. of Punjabi
Language & Literature
Lahore College for Women University
Lahore (Pakistan) Vol: 8
July-Dec. 2022, pp

**ਪਾਰਖਿ**
ਪੰਜਾਬੀ ਵਿਭਾਗ ਜਰਨਲ ਆਫ਼ ਪੰਜਾਬੀ
ਭਾਸ਼ਾ ਅਤੇ ਸਾਹਿਤ
ਮਹਿਲਾ ਯੂਨੀਵਰਸਟੀ ਲਾਹੌਰ ਕਾਲਜ, ਲਾਹੌਰ (ਪਾਕਿਸਤਾਨ)
ਲਈ: 8, ਜੁਲਾਈ-ਦਸੰਬਰ 2022, ਪੰਨੇ

ਡਾ. ਚਰਨਜੀਤ ਸਿੰਘ ਗੁਮਟਾਲਾ
ਡਾ. ਕਲਿਆਣ ਸਿੰਘ ਕਲਿਆਣ

# ਹੀਰ ਵਾਰਿਸ ਸ਼ਾਹ ਵਿੱਚ ਕਥਾਨਕ ਰੂੜ੍ਹੀਆਂ

## Abstract

Folklore has been described in different countries and different cultures in their own unique ways. Not only the same tales exist in different ways in a region with some variations, but the people attribute them to God's special gift. These folk tales contain not only the history, culture and social and moral values of a specific region, but also include the economic, religious and political behavior that they claim their right to it. For this very reason they create a crisis in the end of the story. These crises are intended to perpetuate so-called social behavior by instilling fear in future generations. The basis of the stories starts with love and ends with Ishq (the highest level of love). Ego, stubbornness, arrogance of the society has added the disaster to it due to which future generations are also afraid of love. Indian nature has been against it from the beginning. Here the stories are based on love instead of fear or disaster. This is the difference between worldly and Punjabi stories.

**ਪਰਿਭਾਸ਼ਾ** : ਵੱਖ ਵੱਖ ਦੇਸਾਂ ਦੀਆਂ ਲੋਕ-ਕਥਾਵਾਂ ਆਪਣੇ ਪਰੰਪਰਾਗਤ ਰੂਪ ਵਿੱਚ ਭਿੰਨ-ਭਿੰਨ ਥਾਵਾਂ ‘ਤੇ ਮਿਲਦੀਆਂ ਹਨ। ਇੱਕ ਹੀ ਕਥਾ ਵਸਤੂਗਤ ਤਬਦੀਲੀ ਅਤੇ ਸ਼ੈਲੀਗਤ ਪਰਿਵਰਤਨ ਦੇ ਨਾਲ ਇੱਕ ਹੀ ਦੇਸ਼ ਦੀਆਂ ਵੱਖ ਵੱਖ ਭੂਗੋਲਿਕ ਇਕਾਈਆਂ ਵਿੱਚ ਪ੍ਰਾਪਤ ਹੁੰਦੀ ਹੈ। ਹਰ ਇੱਕ ਕਥਾ ਕਈ ਛੋਟੇ ਤੱਤਾਂ ਦੀ ਬਾਣੀ ਹੁੰਦੀ ਹੈ ਅਤੇ ਇਹ ਤੱਤ ਸੰਸਾਰ ਦੇ ਅਨੇਕਾਂ ਦੇਸਾਂ ਦੀਆਂ ਪ੍ਰਚੱਲਿਤ ਲੋਕ-ਕਥਾਵਾਂ ਦੇ ਤੱਤਾਂ ਨਾਲ ਮੇਲ਼ ਖਾਂਦੇ ਹਨ। ਇਹ ਤੱਤ ਪਰੰਪਰਾ ਵਿੱਚ ਸਥਿਤ ਰੂਪ ਵਿੱਚ ਰਹਿਣ ਦੀ ਸ਼ਕਤੀ ਰੱਖਦੇ ਹਨ। ਇਸ ਪ੍ਰਕਾਰ ਦੀ ਸ਼ਕਤੀ ਰੱਖਣ ਲਈ ਇਹਨਾਂ ਵਿੱਚ ਅਸਧਾਰਨਤਾ ਅਤੇ ਵਿੱਚਿਤਰਤਾ ਹੁੰਦੀ ਹੈ। ਅਸਧਾਰਨਤਾ ਅਤੇ ਵਿੱਚਿਤਰਤਾ

ਕਰਕੇ ਲੋਕ ਇਹਨਾਂ ਨੂੰ ਯਾਦ ਰੱਖਦੇ ਹਨ ਤੇ ਇਹਨਾਂ ਦੀ ਦੁਹਰਾਈ ਹੁੰਦੀ ਰਹਿੰਦੀ ਹੈ। ਇਹਨਾਂ ਤੱਤਾਂ ਨੂੰ 'ਕਥਾਨਕ ਰੂੜ੍ਹੀ' ਦਾ ਨਾਂ ਦਿੱਤਾ ਜਾਂਦਾ ਹੈ।ਪੰਜਾਬੀ ਵਿਦਵਾਨ ਵਣਜਾਰਾ ਬੇਦੀ ਕਥਾਨਕ ਰੂੜ੍ਹੀ ਉੱਤੇ ਵਿਚਾਰ ਕਰਦਿਆਂ ਲਿਖਦਾ ਹੈ :

> ਕਥਾਨਿਕ ਰੂੜ੍ਹੀ ਕਿਸੇ ਕਥਾ-ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ ਜੋ ਆਪਣੇ ਆਪ ਵਿੱਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੁੱਢ-ਕਦੀਮ ਤੋਂ ਹੀ ਅਨੇਕਾਂ ਕਥਾ-ਕਹਾਣੀਆਂ ਵਿੱਚ ਬਾਰ-ਬਾਰ ਦੁਹਰਾਏ ਜਾਣ ਕਰਕੇ ਕਥਾ-ਪਰੰਪਰਾ ਦਾ ਅੰਗ ਬਣ ਗਿਆ ਹੁੰਦਾ ਹੈ ਜਾਂ ਇਉਂ ਕਹਿ ਲਓ ਕਿ ਇਹ ਸੱਚੇ ਵਿੱਚ ਢਲੇ ਹੋਏ ਕਥਾਨਿਕ, ਵਸਤੂ ਤੇ ਵਿਚਾਰ ਹਨ ਜੋ ਕਿਸੇ ਜਾਤੀ ਦੀਆਂ ਕਥਾ-ਕਹਾਣੀਆਂ ਵਿੱਚ ਖਾਸ ਤਰ੍ਹਾਂ ਦਾ ਮਾਨਸਿਕ ਪ੍ਰਭਾਵ, ਵਸਤੂ ਰੋਚਿਕਤਾ ਤੇ ਪਰਸਥਿਤੀ ਪੈਦਾ ਕਰਨ ਲਈ ਮੁੜ-ਮੁੜ ਦੁਹਰਾਏ ਜਾਂਦੇ ਹਨ।(1)

ਇਸ ਬਾਰੇ ਕਰਨੈਲ ਸਿੰਘ ਥਿੰਦ ਦਾ ਮੱਤ ਹੈ :

> ਇਕੋ ਪ੍ਰਕਾਰ ਦੀਆਂ ਘਟਨਾਵਾਂ, ਪਾਤਰ, ਵਿਚਾਰ, ਵਿਸ਼ਵਾਸ ਜਾਂ ਸ਼ਬਦ ਜੋ ਭਿੰਨ-ਭਿੰਨ ਕਹਾਣੀਆਂ ਨੂੰ ਇਕਰੂਪਤਾ ਪ੍ਰਦਾਨ ਕਰਦੇ ਹਨ, ਕਥਾਨਕ ਰੂੜ੍ਹੀਆਂ ਹਨ। ਇਹ ਤੱਤ ਕਹਾਣੀ ਵਿੱਚ ਬਰਾਬਰ ਦੁਹਰਾਏ ਜਾਂਦੇ ਹਨ। ਕਿਸੇ ਇੱਕ ਕਥਾ ਵਿੱਚ ਇੱਕ ਤੋਂ ਵਧੇਰੇ ਰੂੜ੍ਹੀਆਂ ਵੀ ਹੋ ਸਕਦੀਆਂ ਹਨ। ਲੋਕ ਕਹਾਣੀਆਂ ਵਿੱਚ ਅਜਿਹੇ ਤੱਤਾਂ ਦੀ ਇੱਕ ਵਿਸ਼ਾਲ ਪਰੰਪਰਾ ਹੈ। ਅਜਿਹੀਆਂ ਰੂੜ੍ਹੀਆਂ ਆਦਿ ਕਾਲ ਤੋਂ ਆਪਣੇ ਪਰੰਪਰਾਗਤ ਰੂਪ ਨੂੰ ਕਾਇਮ ਰੱਖਦੀਆਂ ਹਨ।(2)

ਸੰਖੇਪ ਵਿੱਚ ਕਥਾਨਕ ਰੂੜ੍ਹੀ ਕਥਾ ਦਾ ਛੋਟੇ ਤੋਂ ਛੋਟਾ ਤੱਤ ਹੈ ਜੋ ਕਥਾ ਨੂੰ ਅੱਗੇ ਲੈ ਜਾਣ, ਕਥਾ ਨੂੰ ਮੋੜ ਦੇਣ ਜਾਂ ਰੋਚਕਤਾ ਅਤੇ ਚਮਤਕਾਰ ਪੈਦਾ ਕਰਨ ਲਈ, ਇੱਕ ਹੀ ਰਚਨਾ ਜਾਂ ਭਿੰਨ-ਭਿੰਨ ਰਚਨਾਵਾਂ ਵਿੱਚ ਅਸਧਾਰਨਤਾ ਅਤੇ ਵਿੱਚਿਤਰਤਾ ਕਰਕੇ ਦੁਹਰਾਇਆ ਜਾਂਦਾ ਹੈ। ਕਥਾਨਕ ਪਾਤਰਾਂ, ਘਟਨਾਵਾਂ ਅਤੇ ਸਥਿਤੀਆਂ ਦਾ ਯੋਜਨਾ-ਪ੍ਰਬੰਧ ਹੈ ਤੇ ਕਥਾਨਕ ਰੂੜ੍ਹੀ ਇਸ ਵਿੱਚ ਇੱਕ ਜੁਗਤ ਦੇ ਤੌਰ 'ਤੇ ਵਿਚਰਦੀ ਹੈ।ਇਹ ਤੱਤ ਜਦ ਪਹਿਲੀ ਵੇਰ ਕਿਸੇ ਕਥਾ ਵਿੱਚ ਦਾਖ਼ਲ ਹੁੰਦੇ ਹਨ ਤਾਂ ਇਹਨਾਂ ਕੋਲ ਆਪਣੀ ਪਛਾਣ ਅਤੇ ਯਥਾਰਥ ਹੁੰਦਾ ਹੈ। ਪਰ ਵਾਰ-ਵਾਰ ਦੁਹਰਾਏ ਜਾਣ ਪਿੱਛੋਂ ਇਹ ਆਪਣਾ ਜਲਾਲ ਗੁਆ ਬੈਠਦੇ ਹਨ ਅਤੇ ਵਾਸਤਵਿਕ ਹੋਣ 'ਤੇ ਵੀ ਕਾਲਪਨਿਕ ਜਾਪਦੇ ਹਨ। ਉਹ ਤੱਤ ਜੋ ਸਵੀਕਾਰ ਕੀਤੇ ਜਾਣ ਕਰਕੇ ਮੁੜ-ਮੁੜ ਪ੍ਰਯੋਗ ਵਿੱਚ ਲਿਆਂਦੇ ਜਾਂਦੇ ਹਨ, ਰੂੜ੍ਹ ਹੋ ਕੇ ਕਥਾਨਕ ਰੂੜ੍ਹੀ ਦਾ ਰੂਪ ਧਾਰਨ ਕਰ ਲੈਂਦੇ ਹਨ। ਦੁਹਰਾਈ ਕਰਕੇ ਇਹ ਅਤੀਤ ਨੂੰ ਵਰਤਮਾਨ ਨਾਲ ਜੋੜਦੇ ਹਨ।

ਸ਼ਸ਼ੀ ਜੋਸ਼ੀ ਦਾ ਕਥਾਨਕ ਰੂੜ੍ਹੀਆਂ ਖੇਤਰ ਬਾਰੇ ਕਹਿਣਾ ਹੈ:

> ਕਥਾਨਕ ਰੂੜ੍ਹੀਆਂ ਦਾ ਖੇਤਰ ਬੜਾ ਵਿਆਪਕ ਹੈ। ਲਗ-ਪਗ ਸਾਰੇ ਦੇਸਾਂ ਵਿੱਚ ਹਰ ਪ੍ਰਕਾਰ ਦੀਆਂ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ। ਰੂੜ੍ਹੀਆਂ ਸਭ ਕਾਲਾਂ ਅੰਦਰ ਸਮਾਨ ਰੂਪ-ਰੰਗ ਵਿੱਚ ਨਹੀਂ ਵੇਖੀਆਂ ਜਾ ਸਕਦੀਆਂ ਹਨ। ਉਹਨਾਂ ਵਿੱਚ ਨਵੀਂ ਖਿੱਚ ਪੈਦਾ ਹੁੰਦੀ ਰਹਿੰਦੀ ਹੈ, ਨਵਾਂ ਰੰਗ ਚੜ੍ਹਦਾ ਹੈ, ਅਰਥ-ਸੰਕੋਚ ਤੇ ਅਰਥ-ਵਿਸਥਾਰ ਵੀ ਹੁੰਦਾ ਰਹਿੰਦਾ ਹੈ। ਉਹ ਰੂੜ੍ਹ-ਅਰਥ ਤੋਂ ਹੱਟ ਕੇ ਨਵੇਂ ਸੰਦਰਭ ਵਿੱਚ ਵੱਖਰੇ ਅਰਥ ਵੀ ਗ੍ਰਹਿਣ ਕਰ ਲੈਂਦੀਆਂ ਹਨ। ਕੁਸ਼ਲ ਸ਼ਿਲਪੀ ਦੇ ਹੱਥਾਂ ਵਿੱਚ ਆ ਕੇ ਇਹਨਾਂ ਦਾ ਰੂਪਾਂਤਰਨ ਵੀ ਹੁੰਦਾ ਰਹਿੰਦਾ ਹੈ। ਕਦੇ ਕਦੇ ਕੁਝ ਸਮੇਂ ਲਈ ਲੁਪਤ ਹੋ ਜਾਂਦੀਆਂ ਹਨ ਅਤੇ ਮੁੜ ਨਵੇਂ ਕਲੇਵਰ ਵਿੱਚ ਉੱਭਰ ਵੀ ਆਉਂਦੀਆਂ ਹਨ।(3)

ਲੋਕ ਕਥਾ ਸਾਹਿਤ ਦਾ ਵਿਸ਼ਲੇਸ਼ਨ ਸਾਨੂੰ ਦੱਸਦਾ ਹੈ ਕਿ ਮਨੁੱਖ ਦੀ ਨਵੀਆਂ ਰੂੜ੍ਹੀਆਂ ਨਿਰਮਿਤ ਕਰਨ ਦੀ ਸ਼ਕਤੀ ਬਹੁਤ ਹੀ ਸੀਮਤ ਹੈ। ਥੋੜ੍ਹੀਆਂ ਕੁ ਰੂੜ੍ਹੀਆਂ ਨਵੇਂ ਨਵੇਂ ਰੂਪਾਂ ਵਿੱਚ ਲੋਕ ਕਥਾਵਾਂ ਵਿੱਚ ਮਿਲਦੀਆਂ ਹਨ।

**ਵਰਗੀਕਰਨ:** ਵੱਖ ਵੱਖ ਵਿਦਵਾਨਾਂ ਦੇ ਵਰਗੀਕਰਨ ਦੇ ਗਹਿਨ ਮੁਤਾਲਿਆਂ ਤੋਂ ਬਾਅਦ ਅਸੀਂ ਇਹਨਾਂ ਦੀ ਵਰਗ ਵੰਡ ਇਸ ਤਰ੍ਹਾਂ ਕੀਤੀ ਹੈ :-1.ਵਿਸ਼ਵਾਸ ਪਰਕ ਕਥਾਨਕ ਰੂੜ੍ਹੀਆਂ 2.ਚਮਤਕਾਰੀ ਕਥਾਨਕ ਰੂੜ੍ਹੀਆਂ 3.ਸੰਸਾਰਿਕ ਕਥਾਨਕ ਰੂੜ੍ਹੀਆਂ (ੳ)ਸੰਭਾਵੀ (ਅ)ਸੰਭਵ (ੲ) ਸੁਭਾਵਿਕ

ਬੁਹਤ ਸਾਰੀਆਂ ਕਥਾਣਕ ਰੂੜੀਆਂ ਉਤੇ ਅਧਾਰਤ ਹਨ ਵਿਸ਼ਵਾਸ ਤੋਂ ਭਾਵ ਕਿਸੇ ਪ੍ਰਚੱਲਤ ਵਿਚਾਰ, ਕਥਨ ਜਾਂ ਵਸਤੂ ਵਿੱਚ ਯਕੀਨ ਕਰਨ ਤੋਂ ਹੈ। ਵਿਸ਼ਵਾਸ ਇੱਕ ਮਨੋਵਿਗਿਆਨਕ ਸਚਾਈ ਦਾ ਨਾਂ ਹੈ। ਦੁਨਿਆਵੀਂ ਵਸਤੂ ਬਾਰੇ ਪ੍ਰਤੱਖ ਗਿਆਨ ਅਤੇ ਅਨੁਭਵ ਨਾਲ ਬਣੇ ਹੋਏ ਕਿਸੇ ਵਿਅਕਤੀ ਦੇ ਪੱਕੇ ਵਿਚਾਰਾਂ ਦੇ ਸਮੂਹ ਨੂੰ ਵਿਸ਼ਵਾਸ ਆਖਿਆ ਜਾਂਦਾ ਹੈ। ਰੀਵਤ ਅਤੇ ਬਾਸਵੈਲ ਦਾ ਕਥਨ ਹੈ.

ਕਰਨੈਲ ਸਿੰਘ ਥਿੰਦ ਨੇ ਰੀਤ ਅਤੇ ਬਾਸਵੈਲ ਦੇ ਹਵਾਲੇ ਨਾਲ ਵਿਸ਼ਵਾਸ ਬਾਰੇ ਲਿਖਿਆ ਹੈ ਵਿਸ਼ਵਾਸ ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ। ਇਸ ਵਿੱਚ ਅਜਿਹੇ ਅਦਭੁੱਤ (ਪਰਾਸਰੀਰਕ) ਵਿਸ਼ਵਾਸ ਆ ਜਾਂਦੇ ਹਨ, ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਿਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿੱਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹੁੰਦੀਆਂ ਹਨ। ਇਸ ਪ੍ਰਕਾਰ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਵਿਸ਼ਵਾਸ ਸ਼ਬਦ ਵਿੱਚ ਸਾਰੀਆਂ ਭਾਵਾਤਮਕ ਜਾਂ ਤਰਕ-ਰਹਿਤ ਭਾਵਨਾਵਾਂ ਸੰਮਿਲਤ ਹਨ। ਇਸ ਵਿੱਚ ਪੁਰਾਣ-ਸ਼ਾਸਤਰ ਜੋਤਿਸ਼ ਅਤੇ ਜੋਤਿਸ਼ੀ-ਵਿਦਿਆ ਵਰਗੀਆਂ ਚੀਜ਼ਾਂ ਵੀ ਆ ਜਾਂਦੀਆਂ ਹਨ। ਬਹੁਤੇ ਲੋਕਾਂ ਲਈ ਇਹ ਅੰਧ-ਵਿਸ਼ਵਾਸ ਹੀ ਹਨ।

ਹੀਰ ਵਾਰਿਸ ਵਿੱਚ ਹੇਠ ਲਿਖੀਆਂ ਵਿਸ਼ਵਾਸ ਪਰਕ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ.

**(ੳ)ਇਸ਼ਕ ਦਾ ਅਜ਼ਲੀ ਹੋਣਾ:** ਸੂਫ਼ੀਮਤ ਅਨੁਸਾਰ ਇਸ਼ਕ ਦੁਆਰਾ ਹੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਸ ਮਤ ਅਨੁਸਾਰ ਇਸ਼ਕ ਦਾ ਮਾਰਗ ਹੋਰਨਾਂ ਮਾਰਗਾਂ ਨਾਲੋਂ ਸ੍ਰੇਸ਼ਟ ਹੈ। ਇਸ਼ਕ ਓਨਾ ਪੁਰਾਣਾ ਹੈ ਜਿੰਨੀ ਅੱਲਾ ਦੀ ਜ਼ਾਤ। ਇਸ ਤਰ੍ਹਾਂ ਸੂਫ਼ੀਮਤ ਦਾ ਕੇਂਦਰ ਬਿੰਦੂ ਇਸ਼ਕ ਹੈ। ਵਾਰਿਸ ਨੇ ਇਸ਼ਕ ਨੂੰ ਜੱਗ ਦਾ ਮੂਲ ਦੱਸਿਆ ਹੈ। ਰੱਬ ਨੂੰ ਇਸ਼ਕ ਹੋਇਆ ਤਾਂ ਉਸ ਨੇ ਇਹ ਦੁਨੀਆਂ ਪੈਦਾ ਕੀਤੀ। ਜਿਹੜੇ ਇਸ਼ਕ ਕਰਦੇ ਹਨ, ਉਹਨਾਂ ਦੀ ਆਤਮਾ ਦੇ ਬਾਗ਼ ਖਿੜ ਜਾਂਦੇ ਹਨ। ਵਾਰਿਸ ਅਨੁਸਾਰ ਨਬੀ ਰਸੂਲ ਰੱਬ ਦਾ ਮਾਸ਼ੂਕ ਸੀ :

> ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਚੈ, ਇਸ਼ਕ ਕੀਤਾ ਸੁ ਜੱਗ ਦਾ
> ਮੂਲ ਮੀਆਂ ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ
> ਰਸੂਲ ਮੀਆਂ ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ
> ਭਲਾ ਰੰਜੂਲ ਮੀਆਂ ਖਿਲੇ ਤਿਨਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ
> ਹੈ ਇਸ਼ਕ ਕਬੂਲ ਮੀਆਂ (4)

ਕਿੱਸਾਕਾਂਰਾਂ ਨੇ ਸੂਫ਼ੀਮਤ ਤੋਂ ਪ੍ਰਭਾਵਿਤ ਹੋ ਕੇ ਸਮਾਜਿਕ ਮਰਯਾਦਾ ਤੋੜਨ ਵਾਲੇ ਕਿੱਸਾ ਨਾਇਕਾਂ ਦੇ ਹੱਕ ਵਿੱਚ ਅਵਾਜ਼ ਉਠਾਈ ਹੈ। ਉਹਨਾਂ ਨੇ ਇਹਨਾਂ ਪ੍ਰੀਤ ਜੋੜਿਆਂ ਦੇ ਪਿਆਰ ਨੂੰ ਸਮਾਜਿਕ ਪ੍ਰਵਾਨਗੀ ਦਿਵਾਉਣ ਲਈ, ਇਹਨਾਂ ਦੇ ਇਸ਼ਕ ਨੂੰ ਅਜ਼ਲੀ ਦਰਸਾਉਂਦੇ ਹੋਏ, ਇਹਨਾਂ ਦੇ ਨਿਕਾਹ ਨੂੰ ਰੱਬ ਵੱਲੋਂ ਪੜ੍ਹਿਆ ਗਿਆ ਤਸੱਵਰ ਕੀਤਾ ਹੈ। ਜਦ ਹੀਰ ਦਾ ਨਿਕਾਹ ਖੇੜੇ ਨਾਲ ਹੋਣ ਲੱਗਦਾ ਹੈ ਤਾਂ ਉਹ ਆਪਣੇ ਇਸ਼ਕ ਨੂੰ ਅਜ਼ਲੀ ਅਰਥਾਤ ਦੁਨੀਆਂ ਦੇ ਮੁੱਢ ਤੋਂ ਦਰਸਾਉਂਦੀ ਹੋਈ, ਇਸ ਦਾ ਡੱਟਵਾਂ ਵਿਰੋਧ ਕਰਦੀ ਹੈ.

ਕਿੱਸਿਆਂ ਵਿੱਚ ਨਾਇਕ/ਨਾਇਕਾ ਇਸ ਇਸ਼ਕ ਵਿੱਚ ਪਰਪੱਕ ਰਹਿੰਦੇ ਹਨ। ਉਹ ਜਾਨਾਂ ਕੁਰਬਾਨ ਕਰ ਜਾਂਦੇ ਹਨ ਪਰ ਇਸ ਵਿਸ਼ਵਾਸ ਤੋਂ ਨਹੀਂ ਥਿੜਕਦੇ। ਅਜਿਹਾ ਕਰਨ ਨਾਲ ਜਿੱਥੇ ਕਥਾਨਕ ਨੂੰ ਗਤੀ ਮਿਲੀ ਹੈ, ਉੱਥੇ ਕਿੱਸਿਆਂ ਵਿੱਚ ਰੰਗੀਨੀ ਵੀ ਆਈ ਹੈ।

**(ਅ)ਸ਼ਗਨ ਅਪਸ਼ਗਨ:** ਪੰਜਾਬੀ ਕਿੱਸਾਕਾਰਾਂ ਨੇ ਵੀ ਭਵਿੱਖ ਵਿੱਚ ਵਾਪਰਨ ਵਾਲੀ ਚੰਗੀ ਮੰਦੀ ਘਟਨਾ ਦੀ ਸੂਚਨਾ ਦੇਣ ਲਈ ਇਸ ਜੁਗਤ ਦੀ ਵਰਤੋਂ ਕੀਤੀ ਹੈ। ਇਹਨਾਂ ਵੱਲੋਂ ਸ਼ਗਨਾਂ ਨਾਲੋਂ ਅਪਸ਼ਗਨਾਂ ਦੀ ਵਰਤੋਂ ਵਧੇਰੇ ਕੀਤੀ ਗਈ ਹੈ। ਵਾਰਿਸ ਸ਼ਾਹ ਨੇ ਸਹਿਤੀ ਨਾਲ ਰਾਂਝੇ ਦਾ ਝਗੜਾ ਸ਼ੁਰੂ ਹੋਣ ਦਾ ਸੰਕੇਤ ਦੇਣ ਲਈ ਅਪਸ਼ਗਨ ਵਜੋਂ ਗਿੱਦੜ (ਜੰਮੂ) ਦਾ ਦਿਨ ਵੇਲੇ ਬੋਲਣ ਦਾ ਪ੍ਰਤੀਕ ਵਰਤਿਆ ਹੈ:

ਜਦੋਂ ਰਾਂਝਾ ਖੇੜਿਆਂ ਦੇ ਘਰ ਹੀਰ ਜ਼ਹਿਰ ਦੂਰ ਕਰਨ ਲਈ ਤੁਰਦਾ ਹੈ ਤਾਂ ਤਿੱਤਰ ਬੋਲਦਾ ਹੈ, ਜੋ ਸ਼ਗਨ ਮੰਨਿਆ ਜਾਂਦਾ ਹੈ:

**(ੲ)ਅਲੌਕਿਕ ਪਾਤਰ:** ਅਲੌਕਿਕ ਸ਼ਕਤੀਆਂ ਦੀ ਵਰਤੋਂ ਲਗ-ਪਗ ਸਾਰ ਕਿੱਸਾਕਾਰਾਂ ਨੇ ਕੀਤੀ ਹੈ। ਉਹਨਾਂ ਨੇ ਕਹਾਣੀ ਤਾਂ ਦੁਨਿਆਵੀਂ ਪ੍ਰੇਮ ਦੀ ਲਈ ਪਰ ਉਸ ਦਾ ਨਿਭਾਅ ਅਲੌਕਿਕ ਸ਼ਕਤੀਆਂ ਦੀ ਸਹਾਇਤਾ ਦੁਆਰਾ ਕੀਤਾ ਹੈ ।ਦੈਵੀ ਪਾਤਰਾਂ ਤੇ ਕਾਰਮਾਤਾਂ ਨੂੰ ਲਿਆ ਕੇ, ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਨੂੰ ਰੱਬੀ ਪ੍ਰਵਾਨ ਹੋਇਆ ਸਿੱਧ ਕਰਨ ਦਾ ਵੀ ਯਤਨ ਕੀਤਾ। ਵਾਰਿਸ ਸ਼ਾਹ ਵਰਗਾ ਮਹਾਨ ਕਿੱਸਾਕਾਰ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਦਾ ਨਿਭਾਅ ਤਾਂ ਇਸ ਧਰਤੀ ਤੇ ਵਿਚਰਦਿਆਂ ਹੋਇਆ ਕਰਦਾ ਹੈ ਪਰ ਅਖੀਰ ਉੱਤੇ ਇਸੇ ਪ੍ਰਭਾਵ ਅਧੀਨ ਹੀ ਆਪਣੀ ਰਚਨਾ ਨੂੰ ਅਲੌਕਿਕਤਾ ਪ੍ਰਦਾਨ ਕਰਦਾ ਹੈ:

ਹੀਰ ਵਾਰਿਸ ਵਿੱਚ ਨਿਮਨ-ਲਿਖਤ ਅਲੌਕਿਕ ਪਾਤਰ ਕਥਾਨਕ ਨੂੰ ਗਤੀ ਦੇਣ ਜਾਂ ਇਸ ਵਿੱਚ ਅਸਚਰਤਾ ਪੈਦਾ ਕਰਨ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ :-

**1.ਪੰਜ ਪੀਰ :-** ਮੱਧ-ਕਾਲੀਨ ਸਾਹਿਤ ਵਿੱਚ ਪੀਰ ਫ਼ਕੀਰਾਂ ਦੀ ਮੰਨਤਾ ਦਾ ਜ਼ਿਕਰ ਆਮ ਮਿਲਦਾ ਹੈ। ਉਸ ਸਮੇਂ ਲੋਕਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਜੇ ਪੀਰਾਂ ਦੀ ਮਨੌਤ ਮੰਨੀ ਜਾਵੇ ਤਾਂ ਉਹ ਮੁਰਾਦ ਪੂਰੀ ਕਰਦੇ ਹਨ।ਪੰਜ ਪੀਰ, ਹੀਰ ਰਾਂਝੇ ਦੀ ਹਰ ਔਕੜ ਵੇਲੇ ਹਾਜ਼ਰ ਹੁੰਦੇ ਹਨ ।ਹੀਰ ਵਾਰਿਸ ਵਿੱਚ ਪੰਜ ਪੀਰ ਰਾਂਝੇ ਨੂੰ ਉਸ ਸਮੇਂ ਮਿਲਦੇ ਹਨ ਜਦ ਉਹ ਚਾਕ ਬਣ ਕੇ ਬੇਲੇ ਨੂੰ ਜਾਂਦਾ ਹੈ ਤੇ ਉਹ ਰਾਂਝੇ ਨੂੰ ਹੀਰ ਬਖ਼ਸ਼ਦੇ ਹਨ:

> ਬੇਲੇ ਰੱਬ ਦਾ ਨਾਮ ਲੈ ਜਾ ਵੜਿਆ, ਹੋਇਆ ਧੁਪ ਦੇ ਨਾਲ ਜ਼ਹੀਰ ਮੀਆਂ।ਉਹਦੀ ਨੇਕ ਸਇਤ ਰੁਜੂ ਆਣ ਹੋਈ, ਮਿਲੇ ਰਾਹ ਜਾਂਦੇ ਪੰਜ ਪੀਰ, ਮੀਆਂ। ਬੱਚਾ, ਖਾ ਚੂਰੀ, ਚੋਇ ਮਝ ਬੂਰੀ, ਜੀਉ ਵਿਚ ਨਾ ਹੋ ਦਿਲਗੀਰ, ਮੀਆਂ। ਕਾਈ ਨਢੜੀ ਸੋਹਣੀ ਕਰੇ ਬਖਸ਼ਿਸ਼, ਨਾਲ ਰੱਬ ਦੇ ਹੈ ਤੁਸਾਂ ਸੀਰ, ਮੀਆਂ। ਬਖਸ਼ੀ ਹੀਰ ਦਰਬਾਰ ਥੀਂ ਤੁਧ ਤਾਈਂ, ਸਾਨੂੰ ਯਾਦ ਕਰੀਂ ਭਵੇ ਭੀੜ, ਮੀਆਂ।(5)

ਦਮੋਦਰ ਨੇ ਇਹਨਾਂ ਪੀਰਾਂ ਦੇ ਨਾਂ ਨਹੀਂ ਦੱਸੇ ਪਰ ਵਾਰਿਸ ਨੇ ਇਹਨਾਂ ਦੇ ਨਾਵਾਂ ਦਾ ਵੇਰਵਾ ਵੀ ਦਿੱਤਾ ਹੈ। ਹੀਰ ਵਾਰਿਸ ਵਿੱਚ ਪੰਜ ਪੀਰ ਰਾਂਝੇ ਨੂੰ ਕੇਵਲ ਹੀਰ ਹੀ ਨਹੀਂ ਬਖ਼ਸ਼ਦੇ ਸਗੋਂ 'ਤੁਰਾ', 'ਮੁੰਦਰੀ', 'ਖੂੰਡੀ' ਵੀ ਬਖਸ਼ਦੇ ਹਨ ਤੇ ਔਖੇ ਸਮੇਂ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿਵਾਉਂਦੇ ਹਨ :

ਹੀਰ ਰਾਂਝੇ ਦੇ ਇਸ਼ਕ ਦਾ ਭੇਦ ਖੁੱਲ੍ਹ ਜਾਣ 'ਤੇ ਰਾਂਝੇ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ ਪਰ ਮੱਝਾਂ ਦੀ ਜ਼ਿੱਦ ਕਾਰਨ ਮੁੜ ਰੱਖ ਲਿਆ ਜਾਂਦਾ ਹੈ। ਰਾਂਝਾ ਮੱਝਾਂ ਲੈ ਕੇ ਫਿਰ ਬੇਲੇ ਜਾਂਦਾ ਹੈ ਤਾਂ ਹੀਰ ਸੱਤੂਆਂ ਦਾ ਛੰਨਾ ਲੈ ਕੇ ਜਾਂਦੀ ਹੈ। ਇਹ ਸਥਿਤੀ ਬੜੀ ਵਿਸਫੋਟਕ ਹੈ। ਦੋਵਾਂ ਦੇ ਮਨ ਉਤੇਜਿਕ ਮਿਲਨੀ ਲਈ ਤਤਪਰ ਹੋ ਸਕਦੇ ਹਨ। ਮਜਾਜ਼ੀ ਇਸ਼ਕ ਵਿੱਚ ਲਿੰਗ-ਪ੍ਰੇਮ ਦੀ ਕੋਈ ਥਾਂ ਨਹੀਂ। ਜੇ ਅਜਿਹਾ ਹੁੰਦਾ ਹੈ ਤਾਂ ਇਸ਼ਕ ਨੂੰ ਲੀਕ ਲੱਗਦੀ ਹੈ। ਵਾਰਿਸ ਸ਼ਾਹ ਸੁਚੇਤ ਕਲਾਕਾਰ ਹੈ। ਉਹ ਇਸ ਸਥਿਤੀ ਤੋਂ ਮੁਕਤ ਕਰਾਉਣ ਲਈ ਪੰਜਾਂ ਪੀਰਾਂ ਨੂੰ ਲਿਆ ਹਾਜ਼ਰ ਕਰਦਾ ਹੈ। ਪੀਰ ਉਹਨਾਂ ਨੂੰ ਇਸ਼ਕ ਨੂੰ ਲਾਜ ਨਾ ਲਾਉਣ ਦੀ ਨਸੀਹਤ ਕਰਦੇ ਹਨ :

ਹੀਰ ਦੇ ਵਿਆਹ ਸਮੇਂ, ਰਾਂਝੇ ਦੀ ਮਾਨਸਿਕ ਸਥਿਤੀ ਬੜੀ ਤਣਾਉ ਵਾਲੀ ਹੈ। ਉਸ ਨੂੰ ਦਿਲਾਸਾ ਦੇਣ ਵਾਲਾ ਕੋਈ ਨਹੀਂ। ਇਸ ਔਖੀ ਘੜੀ ਉਹ ਪੰਜਾਂ ਪੀਰਾਂ ਨੂੰ ਯਾਦ ਕਰਦਾ ਹੈ। ਪੰਜੇ ਪੀਰ ਉਸ ਨੂੰ ਮੁੜ ਹੀਰ ਬਖ਼ਸ਼ਦੇ ਹਨ ਤੇ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦੇਂਦੇ ਹਨ। ਪਰ ਇਸ ਭਰੋਸੇ ਦੇ ਬਾਵਜੂਦ ਹੀਰ ਦਾ

ਵਿਆਹ ਕਰ ਦਿੱਤਾ ਜਾਂਦਾ ਹੈ। ਪਰ ਕੋਈ ਚਮਤਕਾਰ ਨਹੀਂ ਵਾਪਰਦਾ। ਪਰ ਇੱਕ ਗੱਲ ਸਪੱਸ਼ਟ ਹੈ ਕਿ ਵਿਆਹ ਪਿੱਛੋਂ ਨਾਟਕੀ ਟੱਕਰ ਹੋਰ ਤੇਜ਼ ਹੁੰਦੀ ਹੈ ਤੇ ਕਥਾਨਕ ਨੂੰ ਗਤੀ ਦੇਣ ਲਈ ਕਿੱਸਾਕਾਰਾਂ ਨੇ ਪੰਜ ਪੀਰਾਂ ਕੋਲੋਂ ਚਮਤਕਾਰ ਨਹੀਂ ਵਿਖਾਇਆ।

ਹੀਰ ਵਾਰਿਸ ਵਿੱਚ ਹੀਰ ਨੂੰ ਉਧਾਲਨ ਸਮੇਂ ਰਾਂਝਾ ਪੀਰਾਂ ਨੂੰ ਯਾਦ ਕਰਦਾ ਹੈ। ਜ਼ਿਕਰੀਏ ਪੀਰ ਦੀ ਕਰਾਮਾਤੀ ਧਮਕ ਨਾਲ ਕੰਧ ਢਹਿ ਜਾਂਦੀ ਹੈ ਤੇ ਜ਼ਿਕਰੀਆ ਪੀਰ ਰਾਂਝੇ ਨੂੰ ਹੀਰ ਲੈ ਕੇ ਨਿਕਲ ਜਾਣ ਲਈ ਕਹਿੰਦਾ ਹੈ:

> ਅੱਧੀ ਰਾਤ ਰਾਂਝੇ ਪੀਰ ਯਾਦ ਕੀਤੇ, ਤੁੱਰਾ ਖ਼ਿਜ਼ਰ ਦਾ ਹੱਥ ਲੈ
> ਫੋਲਿਆ ਏ। ਸ਼ਕਰਗੰਜ ਦਾ ਪਕੜ ਰੁਮਾਲ ਚੁੰਮੇਂ, ਮੁਦਰਾ ਲਾਲ
> ਸ਼ਾਹਬਾਜ਼ ਦਾ ਤੋਲਿਆ ਏ। ਖੂੰਡੀ ਸੱਯਦ ਜਲਾਲ ਬੁਖ਼ਾਰੀਏ ਦੀ,
> ਵਿਚੋਂ ਅਤਰ ਤੇ ਮੁਸ਼ਕ ਨੂੰ ਝੋਲਿਆ ਏ। ਖ਼ੰਜਰ ਕਢ ਮਖਦੂਮ
> ਜਹਾਨੀਏਂ ਦਾ, ਵਿਚੋਂ ਰੂਹ ਰੰਝੇਟੇ ਦਾ ਡੋਲਿਆ ਏ। ਪੀਰ
> ਬਹਾਵਦੀਂ ਜ਼ਿਕਰੀਏ ਧਮਕ ਦਿਤੀ, ਕੰਧ ਢਾਹ ਕੇ ਰਾਹ ਨੂੰ
> ਖੋਲਿਆ ਏ। ਜਾਹ ਬੈਠਾ ਏਂ ਕਾਸਨੂੰ ਉੱਠ ਜਟਾ, ਸਵੀਂ ਨਹੀਂ
> ਤੇਰਾ ਰਾਹ ਖੋਲ੍ਹਿਆ ਏ।(6)

2.**ਪਰੀਆਂ** :- ਇਸਲਾਮੀ ਰਵਾਇਤਾਂ ਅਨੁਸਾਰ ਪਰੀਆਂ ਅਲੌਕਿਕ ਇਸਤਰੀਆਂ ਹਨ ਜਿਹੜੀਆਂ ਪਰਾਂ ਨਾਲ ਆਕਾਸ਼ ਵਿੱਚ ਉੱਡਦੀਆਂ ਹਨ। ਇਹ ਪਹਾੜਾਂ ਅਤੇ ਸੁੰਦਰ ਪ੍ਰਕਿਰਤਿਕ ਥਾਵਾਂ 'ਤੇ ਰਹਿੰਦੀਆਂ ਹਨ। ਇਹ ਸ਼ਬਦ ਖੂਬਸੂਰਤ ਇਸਤਰੀਆਂ ਲਈ ਵੀ ਰੂੜ੍ਹ ਹੋ ਗਿਆ ਹੈ।.

ਉਪਰੋਕਤ ਵਿਵੇਚਣ ਤੋਂ ਸਪੱਸ਼ਟ ਹੈ ਕਿ ਕਿੱਸਿਆਂ ਦੀ ਸਿਰਜਨਾ ਵਿੱਚ ਵਿਸ਼ਵਾਸ-ਪਰਕ ਕਥਾਨਕ ਰੂੜ੍ਹੀਆਂ ਦਾ ਮਹੱਤਵਪੂਰਨ ਯੋਗਦਾਨ ਹੈ। ਸਮੁੱਚਾ ਕਿੱਸਾ-ਕਾਵਿ ਲੋਕ-ਵਿਸ਼ਵਾਸਾਂ ਨਾਲ ਓਤ-ਪੋਤ ਹੈ। ਕਿੱਸਾਕਾਰਾਂ ਨੇ ਕਥਾਨਕ ਨੂੰ ਗਤੀ ਪ੍ਰਦਾਨ ਕਰਨ 'ਤੇ ਇਸ ਵਿੱਚ ਅਸਚਰਜਤਾ ਪੈਦਾ ਕਰਨ ਲਈ ਪਰੰਪਰਾਗਤ ਵਿਸ਼ਵਾਸਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ। ਇਹ ਗੱਲ ਵੱਖਰੀ ਹੈ ਕਿ ਕਈ ਕਿੱਸਿਆਂ ਵਿੱਚ ਇਹਨਾਂ ਦੀ ਬਹੁਲਤਾ ਹੈ ਤੇ ਕਈਆਂ ਵਿੱਚ ਇਹਨਾਂ ਦੀ ਵਰਤੋਂ ਘੱਟ ਹੋਈ ਹੈ। ਪਰ, ਇੱਕ ਗੱਲ ਸਪੱਸ਼ਟ ਹੈ ਕਿ ਕੋਈ ਵੀ ਕਿੱਸਾਕਾਰ ਇਹਨਾਂ ਤੋਂ ਪ੍ਰਭਾਵਿਤ ਹੋਣੋਂ ਨਹੀਂ ਰਹਿ ਸਕਿਆ। ਇਹੋ ਕਾਰਨ ਹੈ ਕਿ ਇਤਿਹਾਸਕ ਅਤੇ ਬੀਰ-ਰਸੀ ਕਿੱਸਿਆਂ ਵਿੱਚ ਵੀ ਵਿਸ਼ਵਾਸ-ਪਰਕ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ।

ਆਦਿ ਕਾਲ ਤੋਂ ਹੀ ਮਨੁੱਖ ਦੀ ਚਮਤਕਾਰਾਂ ਨਾਲ ਡੂੰਘੀ ਦਿਲਚਸਪੀ ਰਹੀ ਹੈ। ਜਿਉਂ ਹੀ ਮਨੁੱਖ ਨੇ ਹੋਸ਼ ਸੰਭਾਲੀ, ਉਸ ਦਾ ਵਾਹ ਪ੍ਰਕਿਰਤਿਕ ਵਰਤਾਰਿਆਂ ਨਾਲ ਪਿਆ। ਉਹ ਇਹਨਾਂ ਦੇ ਰਹੱਸ ਤੋਂ ਜਾਣੂ ਨਹੀਂ ਸੀ। ਇਸ ਲਈ ਉਸ ਨੇ ਇਹਨਾਂ ਨੂੰ ਚਮਤਕਾਰੀ ਘਟਨਾਵਾਂ ਸਮਝਦੇ ਹੋਏ ਇਹਨਾਂ ਸੰਬੰਧੀ ਅਨੋਖੀਆਂ ਕਥਾਵਾਂ ਦਾ ਨਿਰਮਾਣ ਕੀਤਾ। ਇਹੋ ਕਾਰਨ ਹੈ ਕਿ ਪ੍ਰਾਚੀਨ ਸਾਹਿਤ ਚਮਤਕਾਰਾਂ ਨਾਲ ਭਰਿਆ ਪਿਆ ਹੈ ਹੀਰ ਵਾਰਿਸ ਵਿੱਚ ਮਹੱਤਵਪੂਰਨ ਰੂੜ੍ਹੀਆਂ ਹੇਠ ਲਿਖੇ ਅਨੁਸਾਰ ਹਨ :-

**(ੳ)ਇਸਤਰੀ-ਸਤ ਦੀ ਰੱਖਿਆ** :- ਪੰਜਾਬੀ ਕਿੱਸਿਆਂ ਵਿੱਚ ਨਾਇਕਾਵਾਂ ਵਿਆਹੀਆਂ ਜਾਣ 'ਤੇ ਵੀ ਆਪਣਾ ਸਤ ਬਰਕਰਾਰ ਰੱਖਦੀਆਂ ਹਨ। ਉਹਨਾਂ ਦੇ ਸਤ ਦੀ ਰੱਖਿਆ ਵੀ ਅਨੌਖੇ ਢੰਗ ਨਾਲ ਹੁੰਦੀ ਹੈ। ਨਾਇਕਾਵਾਂ ਦੀ ਇਹ ਪਵਿੱਤਰਤਾ (ਕੰਵਾਰਾਪਨ) ਸਾਮੀ ਪ੍ਰਭਾਵ ਕਾਰਨ ਹੀ ਪੰਜਾਬੀ ਕਿੱਸਿਆਂ ਵਿੱਚ ਆਈ ਹੈ। ਇਸ ਪ੍ਰਭਾਵ ਨੇ ਪੰਜਾਬੀ ਕਿੱਸਾਕਾਰੀ ਨੂੰ ਆਦਰਸ਼ਕ ਪ੍ਰੀਤ-ਛੋਹਾਂ ਦਿੱਤੀਆਂ ਤੇ ਇਸ ਨੂੰ ਕਾਮ-ਵਾਸ਼ਨਾ ਤੋਂ ਪਾਕ ਰੱਖਿਆ। ਇਹੋ ਕਾਰਨ ਹੈ ਕਿ ਹੀਰ, ਸੋਹਣੀ, ਲੈਲਾ, ਜ਼ੁਲੈਖ਼ਾ ਆਦਿ ਵਿਆਹ ਪਿੱਛੋਂ ਵੀ ਆਪਣਾ ਸਤ ਕਾਇਮ ਰੱਖਦੀਆਂ ਹਨ। ਸੈਦਾ ਤਾਂ ਇੱਥੋਂ ਤੱਕ ਸਹੁੰ ਖਾਂਦਾ ਹੈ ਕਿ ਉਸ ਨੇ ਹੀਰ ਦੀ ਸ਼ਕਤ ਤੱਕ ਵੀ ਨਹੀਂ ਵੇਖੀ :

> ਖੇੜੇ ਨਿਸ਼ਾ ਦਿਤੀ ਅੱਗੇ ਜੋਗੀੜੇ ਦੇ, ਸਾਨੂੰ ਕਸਮ ਹੈ ਪੀਰ ਫਕੀਰ ਦੀ
> ਜੀ। ਮਰਾਂ ਹੋਇਕੇ ਏਸ ਜਹਾਨ ਕੋਹੜਾ, ਕਦੇ ਸੂਰਤ ਜੇ ਡਿਠੀ ਹੈ ਹੀਰ
> ਦੀ ਜੀ।... ਵਾਰਿਸ, ਝੂਠ ਨਾ ਬੋਲੀਏ ਜੋਗੀਆਂ ਤੇ, ਖਿਆਨਤ ਨਾ
> ਕਰੀਏ ਮੀਰ ਪੀਰ ਦੀ ਜੀ (7)

**(ਅ).ਵੰਝਲੀ** :- ਪੰਜਾਬੀ ਕਿੱਸਾ-ਕਾਵਿ ਵਿੱਚ ਕਿੱਸਾਕਾਰਾਂ ਨੇ ਚਮਤਕਾਰ ਪੈਦਾ ਕਰਨ, ਕਥਾਨਕ ਨੂੰ ਗਤੀ ਪ੍ਰਦਾਨ ਕਰਨ ਅਤੇ ਕਥਾ ਵਿੱਚ ਵਿਸਥਾਰ ਲਈ ਕਈ ਚਮਤਕਾਰੀ ਵਸਤੂਆਂ ਦਾ ਵਰਣਨ ਕੀਤਾ ਹੈ।ਹੀਰ ਰਾਂਝੇ ਦੇ ਕਿੱਸਿਆਂ ਵਿੱਚ ਵੰਝਲੀ ਸਾਜ ਦਾ ਵਰਣਨ ਮਿਲਦਾ ਹੈ ਜੋ ਚਮਤਕਾਰੀ ਵਸਤੂ ਦੇ ਤੌਰ 'ਤੇ ਕੰਮ ਕਰਦੀ ਹੈ। ਹੀਰ ਵਾਰਿਸ ਵਿੱਚ, ਜਦੋਂ ਰਾਂਝਾ ਘਰੋਂ ਨਿਕਲ ਕੇ ਰਾਤ ਨੂੰ ਮਸੀਤ ਵਿੱਚ ਠਹਿਰਦਾ ਹੈ, ਤਾਂ ਉੱਥੇ ਵੰਝਲੀ ਦੀ ਅਵਾਜ਼ ਸੁਣ ਕੇ ਸਾਰਾ ਪਿੰਡ ਮਸੀਤ ਵਿੱਚ ਇਕੱਠਾ ਹੋ ਜਾਂਦਾ ਹੈ :

ਦਰਿਆ ਪਾਰ ਕਰਨ ਲਈ ਵੀ ਵੰਝਲੀ ਰਾਂਝੇ ਦੀ ਸਹਾਇਤਾ ਕਰਦੀ ਹੈ। ਪੈਸੇ ਨਾ ਹੋਣ ਕਰਕੇ ਲੁੱਡਣ ਰਾਂਝੇ ਨੂੰ ਬੇੜੀ ਵਿੱਚ ਬਿਠਾਉਣ ਤੋਂ ਨਾਂਹ ਕਰ ਦੇਂਦਾ ਹੈ। ਰਾਂਝਾ ਵੰਝਲੀ ਵਜਾਉਂਦਾ ਹੈ। ਲੁੱਡਣ ਦੀਆਂ ਪਤਨੀਆਂ ਵੰਝਲੀ ਸੁਣ ਕੇ ਰਾਂਝੇ ਦੀਆਂ ਮੁੱਠੀਆਂ ਭਰਨ ਲੱਗ ਪੈਂਦੀਆਂ ਹਨ। ਇਹ ਵੇਖ ਕੇ ਲੁੱਡਣ ਘਬਰਾ ਜਾਂਦਾ ਹੈ ਤੇ ਉਸ ਨੂੰ ਬਾਹਾਂ ਤੋਂ ਫੜ੍ਹ ਕੇ ਬੇੜੀ ਚੜ੍ਹਾ ਕੇ ਦਰਿਆ ਪਾਰ ਕਰਾਉਂਦਾ ਹੈ :

> ਰਾਂਝਾ ਮਿੰਨਤਾਂ ਕਰ ਕੇ ਥੱਕ ਰਿਹਾ, ਅੰਤ ਹੋ ਕੰਧੀ ਪਰਾਂ ਜਾਇ ਬੈਠਾ
> ਛਡ ਅੱਗ ਬੇਗਾਨੜੀ ਹੋਇ ਗੋਸ਼ੇ, ਪ੍ਰੇਮ ਢਾਂਡੜੀ ਵੱਖ ਜਗਾਇ ਬੈਠਾ
> ਗਾਵੇਂ ਸੱਦ ਫ਼ਿਰਾਕ ਦੇ ਠਾਲ ਰੋਵੇ, ਅਤੇ ਵੰਝਲੀ ਸ਼ਬਦ ਵਜਾਇ
> ਬੈਠਾ... ਪਿੰਡਾ! ਬਹੁੜੀ ਜੱਟ ਲੈ ਜਾਗ ਰੰਨਾਂ, ਕੇਹਾ ਸ਼ੁਗ਼ਲ ਹੈ ਆਣ
> ਜਗਾਇ ਬੈਠਾ ਵਾਰਿਸਸ਼ਾਹ ਇਸ ਮੇਹੀਆਂ ਮਰਦ ਰੰਨਾਂ, ਨਹੀਂ ਜਾਣਦਾ
> ਕੌਣ ਬਲਾਇ ਬੈਠਾ(8)

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿੱਸਾਕਾਰਾਂ ਨੇ ਚਮਤਕਾਰੀ ਕਥਾਨਕ ਰੂੜ੍ਹੀਆਂ ਦੀ ਭਰਪੂਰ ਵਰਤੋਂ ਕੀਤੀ ਹੈ। ਮੱਧ-ਕਾਲ ਵਿੱਚ ਮਨੋਰੰਜਨ ਦਾ ਸਾਧਨ ਬਹੁਤ ਸੀਮਿਤ ਸਨ। ਇਸ ਲਈ ਕਿੱਸਾਕਾਰਾਂ ਨੇ ਲੋਕਾਂ ਦੀ ਮਾਨਸਿਕ ਤ੍ਰਿਪਤੀ ਲਈ ਅਦਭੁੱਤ ਅਤੇ ਅਲੌਕਿਕ ਘਟਨਾਵਾਂ ਤੇ ਪਾਤਰ ਲੈ ਕੇ ਅਜਿਹੇ ਕਿੱਸਿਆਂ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚ ਚਮਤਕਾਰੀ ਕਥਾਨਕ ਰੂੜ੍ਹੀਆਂ ਦੀ ਬਹੁਲਤਾ ਹੈ। ਰੁਮਾਂਟਿਕ ਕਿੱਸਿਆ ਤੋਂ ਇਲਾਵਾ ਪ੍ਰੇਮਮਈ, ਸਦਾਚਾਰਿਕ ਤੇ ਬੀਰ ਰਸੀ ਕਿੱਸਿਆਂ ਵਿੱਚ ਵੀ ਇਹਨਾਂ ਦੀ ਵਰਤੋਂ ਮਿਲਦੀ ਹੈ, ਜਿਸ ਨਾਲ ਕਿੱਸਿਆਂ ਵਿੱਚ ਨਵੀਨਤਾ ਤੇ ਰੰਗੀਨੀ ਆਈ ਹੈ।

ਇਹਨਾਂ ਰੂੜ੍ਹੀਆਂ ਦਾ ਸੰਬੰਧ ਸਾਡੇ ਸਮਾਜਿਕ ਤੇ ਸੱਭਿਆਚਾਰਿਕ ਸੰਸਕਾਰਾਂ ਅਤੇ ਰੋਜ਼ਾਨਾ ਜੀਵਨ ਦੇ ਵਿਵਹਾਰਾਂ ਨਾਲ ਹੈ। ਹੀਰ ਵਾਰਿਸ ਵਿੱਚ ਹੇਠ ਲਿਖੀਆਂ ਸੰਸਾਰਿਕ ਕਥਾਨਕ ਰੂੜ੍ਹੀਆਂ ਮਿਲਦੀਆਂ ਹਨ:

1. **ਪਹਿਲੀ ਤੱਕਣੀ ਨਾਲ ਪਿਆਰ ਹੋਣਾ** :ਇਹ ਇੱਕ ਅੰਤਰ-ਰਾਸ਼ਟਰੀ ਰੂੜ੍ਹੀ ਹੈ, ਜਿਸ ਦੀ ਵਰਤੋਂ ਆਦਿ ਕਾਲ ਤੋਂ ਹੋ ਰਹੀ ਹੈ। ਮੱਧ-ਕਾਲੀਨ ਸਾਹਿਤ ਵਿੱਚ ਇਸ ਰੂੜ੍ਹੀ ਦਾ ਸਭ ਤੋਂ ਵੱਧ ਉਪਯੋਗ ਹੋਇਆ ਹੈ। ਪੰਜਾਬੀ ਕਿੱਸਾ-ਕਵੀਆਂ ਦੀ ਵੀ ਇਹ ਹਰਮਨ ਪਿਆਰੀ ਰੂੜ੍ਹੀ ਰਹੀ ਹੈ। ਇਸ ਦਾ ਪ੍ਰੇਰਕ ਹੁਸਨ ਹੈ। ਹੁਸਨ ਤੇ ਇਸ਼ਕ ਦਾ ਗੂੜ੍ਹਾ ਸੰਬੰਧ ਹੈ। ਇਸੇ ਲਈ ਕਿੱਸਾਕਾਰਾਂ ਨੇ ਸੁੰਦਰਤਾ ਦੇ ਵਰਣਨ ਉੱਤੇ ਸਭ ਤੋਂ ਵੱਧ ਬਲ ਦਿੱਤਾ ਹੈ। ਕਿੱਸਾ ਨਾਇਕ ਫ਼ਰਿਸ਼ਤਿਆਂ ਤੋਂ ਘੱਟ ਨਹੀਂ ਤੇ ਨਾਇਕਾਵਾਂ ਪਰੀਆਂ ਅਤੇ ਅਪੱਛਰਾਵਾਂ ਤੋਂ ਵੀ ਸੁੰਦਰ ਹਨ। ਲੌਕਿਕ ਪਾਤਰ ਹੋਣ ਦੇ ਬਾਵਜੂਦ, ਇਹਨਾਂ ਦੀ ਸੁੰਦਰਤਾ ਨੂੰ ਅਲੌਕਿਕ ਪੱਧਰ 'ਤੇ ਚਿਤਰਿਆ ਗਿਆ ਹੈ। ਇਹਨਾਂ ਦੇ ਹੁਸਨ ਦਾ ਲਿਸ਼ਕਾਰਾ ਬਿਜਲੀ ਦੇ ਲਿਸ਼ਖਾਰੇ ਵਾਂਗ ਵੱਜਦਾ ਹੈ। ਆਸ਼ਕ ਮਸ਼ੂਕ ਪਹਿਲੀ ਤੱਕਣੀ 'ਤੇ ਹੀ ਇੱਕ ਦੂਜੇ ਤੋਂ ਕੁਰਬਾਨ ਹੋ ਜਾਂਦੇ ਹਨ। ਇਹ ਪਿਆਰ ਏਨਾ ਪ੍ਰਬਲ ਹੁੰਦਾ ਹੈ ਕਿ ਉਹ ਕਿਸੇ ਹੋਰ ਦੀ ਕਲਪਨਾ ਕਰਨਾ ਵੀ ਪਾਪ ਸਮਝਦੇ ਹਨ। ਸਮਾਜ ਇਸ ਪਿਆਰ ਨੂੰ ਪ੍ਰਵਾਨ ਨਹੀਂ ਕਰਦਾ, ਜਿਸ ਦਾ ਸਿੱਟਾ ਸਮਾਜ ਤੇ ਪਾਤਰਾਂ ਦੀ ਪਰਸਪਰ ਟੱਕਰ ਨਿਕਲਦਾ ਹੈ।

ਕਿੱਸਾਕਾਰਾਂ ਨੇ ਆਮ ਤੌਰ 'ਤੇ ਨਾਇਕ ਨਾਲੋਂ ਨਾਇਕਾਵਾਂ ਦੀ ਸੁੰਦਰਤਾ ਅਤੇ ਨਖਸ਼ਿਖ ਵਰਣਨ ਕਰਨ ਵਿੱਚ ਵਧੇਰੇ ਰੁਚੀ ਵਿਖਾਈ ਹੈ।ਵਾਰਿਸ ਸ਼ਾਹ ਨੇ ਹੀਰ ਤੇ ਰਾਂਝੇ ਦੀ ਸੁੰਦਰਤਾ ਦਾ ਵਰਣਨ ਰੁਮਾਂਟਿਕ ਪੱਧਰ 'ਤੇ ਕੀਤਾ ਹੈ। ਉਸ ਨੇ ਪ੍ਰਕਿਰਤੀ ਵਿੱਚੋਂ ਅਲੰਕਾਰ ਲੈ ਕੇ ਹੀਰ ਦੇ ਅੰਗ ਅੰਗ ਨੂੰ ਉਪਮਾਇਆ ਹੈ ਤੇ ਹੀਰ ਦੇ ਹੁਸਨ ਨੂੰ ਅਕੱਥ ਕਿਹਾ ਹੈ:

ਉਸ ਨੇ ਹੀਰ ਨੂੰ ਪਰੀ ਕਿਹਾ ਹੈ ਜਿਹੜੀ ਉਸ ਦੇ ਪਲੰਘ ‘ਤੇ ਲੇਟੇ ਹੋਏ ਰਾਂਝੇ ਨੂੰ ਵੇਖ ਕੇ ਰੋਹ ਵਿੱਚ ਆ ਜਾਂਦੀ ਹੈ, ਪਰ ਰਾਂਝੇ ਦੀ ਅਦਭੁਤ ਸੁੰਦਰਤਾ ਦਾ ਸਾਹਮਣਾ ਨਹੀਂ ਕਰ ਸਕਦੀ। ਜਿਸ ਨਾਟਕੀ ਢੰਗ ਨਾਲ ਇਸ ਸਥਿਤੀ ਦਾ ਵਰਣਨ ਵਾਰਿਸ ਨੇ ਕੀਤਾ ਹੈ, ਹੋਰ ਕੋਈ ਕਿੱਸਾਕਾਰ ਅਜਿਹਾ ਵਰਣਨ ਨਹੀਂ ਕਰ ਸਕਿਆ। ਗੁੱਸੇ ਵਿੱਚ ਆਈ ਹੀਰ, ਰਾਂਝੇ ਨੂੰ ਛਮਕ ਮਾਰਨ ਲੱਗਦੀ ਹੈ ਪਰ ਰਾਂਝੇ ਦੇ ‘ਵਾਹ ਸੱਜਣ’ ਕਹਿ ਕੇ ਆਪਣੇ ਮੂੰਹ ਤੋਂ ਪੱਲਾ ਲਾਹੁਣ ‘ਤੇ ਉਸ ਤੋਂ ਸਦਾ ਲਈ ਕੁਰਬਾਨ ਹੋ ਜਾਂਦੀ ਹੈ

ਇਸ ਤਰ੍ਹਾਂ ਵਾਰਿਸ ਇਸ ਜੁਗਤ ਦੁਆਰਾ ਹੀਰ ਰਾਂਝੇ ਵਿੱਚ ਪਿਆਰ ਦਾ ਮੁੱਢ ਬੰਨ੍ਹਦਾ ਹੈ। ਕਿਸ਼ਨ ਸਿੰਘ ਇਸ ਘਟਨਾ ਨੂੰ ਪਲਾਟ ਦਾ ਕੇਂਦਰੀ ਨੁਕਤਾ ਮੰਨਦਾ ਹੋਇਆ ਲਿਖਦਾ ਹੈ,

> ਸਮਾਜ ਦੇ ਦੱਸੇ ਰਾਹ ਤੁਰੀ ਜਾਂਦੀ ਹੀਰ ਦਾ ਰਾਂਝੇ ਦੇ ਮੱਥੇ ਲੱਗਣਾ ,ਰਾਂਝੇ ਦਾ ਉੱਠ ਕੇ ਹੀਰ ਨੂੰ ‘ਵਾਹ ਹੱਜਣ’ ਕਹਿਣਾ ਤੇ ਹੀਰ ਦਾ ਹੱਸ ਕੇ ਮੇਹਰਬਾਨ ਹੋਣਾ, ਉਸ ਦਾ ਇਸ਼ਕ ਦੇ ਤੱਕੜ ਚੜ੍ਹ ਜਾਣਾ ਸਾਰੇ ਪਲਾਟ ਦਾ ਉਹ ਨੁਕਤਾ ਹੈ, ਜੋ ਸਾਰੀ ਕਹਾਣੀ ਦਾ ਡੀਜ਼ਾਈਨ ਬਣਾਉਂਦਾ ਹੈ। ਇਸ ਨਾਲ ਹੀਰ ਤੇ ਹੋਰ ਪਾਤਰਾਂ ਦੇ ਆਚਰਨ ਦਾ ਡੀਜ਼ਾਈਨ ਸਪੱਸ਼ਟ ਹੋ ਜਾਂਦਾ ਹੈ। ਸਮਝ ਆ ਜਾਂਦੀ ਹੈ ਕਿ ਅੱਗੇ ਤੋਂ ਹੀਰ ਦੀ ਸ਼ਖ਼ਸੀਅਤ ਦੇ ਕਰਤੱਵ ਦਾ ਬੁਨਿਆਦੀ ਧੁਰਾ ਕੀ ਹੋਵੇਗਾ? ਉਸ ਦਾ ਮਾਂ ਬਾਪ ਨਾਲ ਰਿਸ਼ਤਾ ਕਿਵੇਂ ਬਦਲੇਗਾ ? ਕਾਜ਼ੀ ਨਾਲ ਕਿਉਂ ਲਾਜ਼ਮੀ ਟਕਰਾਏਗੀ ਤੇ ਉਸ ਨਾਲ ਕਿਵੇਂ ਨਜਿੱਠੇਗੀ ?ਕਿਉਂ ਕੈਦੋਂ ਤੇ ਉਹ ਲਾਜ਼ਮੀ ਇੱਕ ਦੂਜੇ ਨੂੰ ਮੁਖ਼ਾਤਿਬ ਹੋਣਗੇ? ਅੰਤ ਸਾਰੀ ਗੱਲ ਦਾ ਨਿਬੇੜਾ ਕਿਸ ਤਰ੍ਹਾਂ ਹੋਵੇਗਾ ? ਖਾਕਾ ਸਾਫ਼ ਹੋ ਜਾਂਦਾ ਹੈ। ਪਲਾਟ ਦਾ ਇਹ ਕੇਂਦਰੀ ਨੁਕਤਾ ਤਾਂ ਹੈ ਕਿਉਂਕਿ ਇਹ ਸਮਾਜਿਕ ਬਣਤਰ ਦੀ ਬੁਨਿਆਦੀ ਕੜੀ ਲਈ ਬੈਠਾ ਹੈ। ਇਸ ਵਿੱਚ ਸਮਾਜ ਦਾ ਬੁਨਿਆਦੀ ਮਸਲਾ ਹੈ। ਸਮਾਜ ਦੀਆਂ ਬੁਨਿਆਦੀ ਵਿਰੋਧੀ ਜਮਾਤਾਂ ਦਾ ਆਪਸ ਵਿੱਚ ਰਿਸ਼ਤਾ ਪ੍ਰਗਟ ਕਰਦਾ ਹੈ।(9)

ਇਸੇ ਤਰ੍ਹਾਂ ਬਾਕੀ ਕਿੱਸਿਆਂ ਵਿੱਚ ਵੀ ਇਸ ਰੂੜ੍ਹੀ ਦਾ ਮਹੱਤਵਪੂਰਨ ਸਥਾਨ ਹੈ। ਇਸ ਨਾਲ ਕਥਾ ਨਵਾਂ ਮੋੜ ਕੱਟਦੀ ਹੈ ਤੇ ਪਾਠਕ ਅਗਲੀਆਂ ਘਟਨਾਵਾਂ ਜਾਣਨ ਲਈ ਉਤਸੁਕ ਹੋ ਜਾਂਦਾ ਹੈ।

**2.ਜੋਗੀ ਬਣਨਾ** :ਕਿੱਸਿਆਂ ਵਿੱਚ ਨਾਇਕਾ ਦੀ ਪ੍ਰਾਪਤੀ ਲਈ ਜੋਗੀ ਦਾ ਰੂਪ ਧਾਰਨ ਕਰਨਾ ਵੀ ਰੂੜ੍ਹੀ ਦਾ ਰੂਪ ਧਾਰ ਗਿਆ ਹੈ। ਇਹ ਸੂਫ਼ੀ ਕਹਾਣੀਆਂ ਦੀ ਪ੍ਰਸਿੱਧ ਰੂੜ੍ਹੀ ਹੈ। ਜਿਸ ਯੁੱਗ ਵਿੱਚ ਸੂਫ਼ੀ ਸੰਤਾਂ ਦੁਆਰਾ ਸੂਫ਼ੀ ਸਾਹਿਤ ਦਾ ਨਿਰਮਾਣ ਹੋ ਰਿਹਾ ਸੀ, ਉਸ ਯੁੱਗ ਵਿੱਚ ਇੱਥੋਂ ਦੇ ਲੋਕ ਜੀਵਨ ‘ਤੇ ਜੋਗੀਆਂ ਦਾ ਕਾਫ਼ੀ ਪ੍ਰਭਾਵ ਸੀ। ਸੂਫ਼ੀ ਕਵੀਆਂ ਨੇ ਜਿਸ ਪ੍ਰਕਾਰ ਲੋਕ ਜੀਵਨ ਦੇ ਦੂਸਰੇ ਪਹਿਲੂਆਂ ਨੂੰ ਅਪਣਾਇਆ, ਉਸੇ ਤਰ੍ਹਾਂ ਉਹਨਾਂ ਨੇ ਜੋਗੀ ਜੀਵਨ ਵਾਲੇ ਪਹਿਲੂ ਨੂੰ ਵੀ ਗ੍ਰਹਿਣ ਕੀਤਾ। ਇਹੋ ਕਾਰਨ ਹੈ ਕਿ ਸਾਡਾ ਮੁੱਢਲਾ ਕਿੱਸਾਕਾਰ ਦਮੋਦਰ ਰਾਂਝੇ ਨੂੰ ਹੀਰ ਦੀ ਪ੍ਰਾਪਤੀ ਲਈ ਜੋਗੀ ਬਣਾ ਕੇ ਉਸ ਦੇ ਸਹੁਰੇ ਭੇਜਦਾ ਹੈ। ਕਰਾਮਾਤੀ ਸ਼ਕਤੀਆਂ ਤੇ ਪੰਜਾਂ ਪੀਰਾਂ ਦੀ ਥਾਪਣਾ ਕਰ ਕੇ ਰਾਂਝਾ ਦੈਵੀ ਮਨੁੱਖ ਬਣ ਜਾਂਦਾ ਹੈ ਤੇ ਹੀਰ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ। ਮੁਕਬਲ, ਅਹਿਮਦ, ਵਾਰਿਸ ਤੇ ਬਾਕੀ ਕਿੱਸਾਕਾਰ ਇਸ ਪਹਿਲੂ ਨੂੰ ਛੱਡ ਨਾ ਸਕੇ। ਕਥਾਨਕ ਵਿੱਚ ਜਿੱਥੇ ਵੀ ਖੜੋਤ ਆਈ, ਇਹਨਾਂ ਕਿੱਸਾਕਾਰਾਂ ਨੇ ਜੋਗੀਆਂ ਦੀ ਕਰਾਮਾਤੀ ਸ਼ਕਤੀ ਦਾ ਉਪਯੋਗ ਕਰਕੇ ਉਸ ਖੜੋਤ ਨੂੰ ਦੂਰ ਕੀਤਾ। ਉਹਨਾਂ ਨੇ ਕਰਾਮਾਤੀ ਅੰਸ਼ਾਂ ਨਾਲ ਕਿੱਸਿਆਂ ਵਿੱਚ ਰੋਚਕਤਾ ਵੀ ਲਿਆਂਦੀ।

**3.ਭਰਾਵਾਂ ਦਾ ਦੁਰ-ਵਿਹਾਰ** :ਹੀਰ ਦੇ ਕਿੱਸਿਆਂ ਵਿੱਚ ਰਾਂਝੇ ਦਾ ਘਰ ਛੱਡਣ ਦਾ ਮੁੱਖ ਕਾਰਨ ਭਰਾਵਾਂ ਦਾ ਦੁਰ-ਵਿਹਾਰ ਹੈ।ਵਾਰਿਸ ਨੇ ਵੀ ਇਹੋ ਹੀ ਲਿਖਿਆ ਹੈ ਕਿ ਪਿਉ ਦੀ ਮੌਤ ਪਿੱਛੋਂ ਭਰਾਵਾਂ ਨੇ ਕਾਜ਼ੀ ਤੇ ਪੈਂਚਾਂ ਨੂੰ ਵੱਢੀ ਦੇ ਕੇ ਚੰਗੀ ਜ਼ਮੀਨ ਆਪਣੇ ਹਿੱਸੇ ਲੈ ਲਈ ਤੇ ਬੰਜਰ ਜ਼ਮੀਨ ਰਾਂਝੇ ਨੂੰ ਦੇ ਦਿੱਤੀ। ਭਰਾ ਪਹਿਲਾਂ ਵੀ ਵੈਰ ਕਰਦੇ

ਸਨ। ਇਹ ਟੱਕਰ ਤੇਜ਼ ਹੁੰਦੀ ਹੈ। ਬੰਜਰ ਜ਼ਮੀਨ ਵੱਗਦੀ ਨਹੀਂ। ਭਾਬੀਆਂ ਤਾਅਨੇ ਮਿਹਣੇ ਦੇਂਦੀਆਂ ਹਨ। ਇੱਥੋਂ ਤੀਕ ਕਿ ਇੱਕ ਭਾਬੀ ਕਹਿੰਦੀ ਹੈ, "ਸਾਡਾ ਹੁਸਨ ਪਸੰਦ ਨਾ ਲਿਆਵਨਾ ਏਂ, ਜਾਹ ਹੀਰ ਸਿਆਲ ਵਿਆਹਿ ਲਿਆਵੀਂ"। ਰਾਂਝਾ ਘਰੋਂ ਨਿਕਲ ਤੁਰਦਾ ਹੈ। ਭਰਾ ਤੇ ਭਾਬੀਆਂ ਮਿੰਨਤਾਂ ਕਰਦੇ ਹਨ ਪਰ ਰਾਂਝਾ ਆਪਣੀ ਜ਼ਿੱਦ 'ਤੇ ਕਾਇਮ ਰਹਿੰਦਾ ਹੈ।

4.**ਇਸਤਰੀ ਪ੍ਰਤੀ ਹੀਨ ਭਾਵਨਾ** :ਸਾਮੰਤੀ ਸਮਾਜ ਵਿੱਚ ਇਸਤਰੀ ਨੂੰ ਬਹੁਤ ਹੀ ਨੀਵਾਂ ਦਰਜਾ ਪ੍ਰਾਪਤ ਸੀ। ਉਸ ਨੂੰ ਧੋਖੇਬਾਜ਼ੀ ਫ਼ਰੇਬੀ ਜਾਂ ਕਾਮ ਦੀ ਪੁਤਲੀ ਸਮਝਿਆ ਜਾਂਦਾ ਸੀ। ਇਹੋ ਕਾਰਨ ਹੈ ਕਿ ਸਾਰੇ ਕਿੱਸਾਕਾਰਾਂ ਨੇ ਇਸਤਰੀ ਨੂੰ ਨਿੰਦਿਆ ਹੈ। ਸਹਿਤੀ ਇਸਤਰੀ ਦੀ ਆਵਾਜ਼ ਉਠਾਉਂਦੀ ਹੈ ਪਰ ਵਾਰਿਸ ਰਾਂਝੇ ਦੀ ਜ਼ਬਾਨੋਂ ਇਸਤਰੀ ਨਿੰਦਿਆ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ :

5. **ਮਹੀਂਵਾਲ ਬਣਨਾ**:ਰੋਜ਼ੀ ਰੋਟੀ ਲਈ ਮਹੀਂਵਾਲ ਬਣਨਾ ਤਾਂ ਆਮ ਗੱਲ ਹੈ ਪਰ ਪ੍ਰੇਮਿਕਾ ਦੇ ਪਿਆਰ ਵਿੱਚ ਮਹੀਂਵਾਲ ਬਣਨਾ ਵਿਲੱਖਣਤਾ ਕਰਕੇ ਰੂੜ੍ਹੀ ਦਾ ਰੂਪ ਧਾਰਨ ਕਰ ਗਿਆ ਹੈ। ਚਾਵਾਂ ਤੇ ਲਾਡਾਂ ਨਾਲ ਪਲਿਆ ਰਾਂਝਾ, ਹੀਰ ਦੇ ਇਸ਼ਕ ਪਿੱਛੇ ਚਾਕ ਬਣਦਾ ਹੈ। ਹੀਰ ਦੇ ਨਾਲ ਅੱਖਾਂ ਚਾਰ ਹੋਣ ਪਿੱਛੋਂ ਖੜੋਤ ਵਾਲੀ ਸਥਿਤੀ ਬਣ ਜਾਂਦੀ ਹੈ। ਇਸ ਸਥਿਤੀ ਵਿੱਚੋਂ ਕੱਢਣ ਲਈ ਰਚਨਾਕਾਰ ਰਾਂਝੇ ਨੂੰ ਚਾਕ ਬਣਾ ਦੇਂਦਾ ਹੈ। ਹੀਰ ਇਸ ਕਾਰਜ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ। ਇਸੇ ਤਰ੍ਹਾਂ ਸੋਹਣੀ ਮਹੀਂਵਾਲ ਦੇ ਕਿੱਸਿਆਂ ਵਿੱਚ ਬਲਖ਼ ਦੇ ਇੱਕ ਵੱਡੇ ਸੁਦਾਗਰ ਦਾ ਪੁੱਤਰ ਇੱਜ਼ਤ ਬੇਗ ਮਿਰਜ਼ਾ, ਸੋਹਣੀ ਦੇ ਇਸ਼ਕ ਵਿੱਚ ਲੱਟੂ ਹੋ ਕੇ ਸਭ ਕੁਝ ਗੁਆ ਬੈਠਦਾ ਹੈ ਤੇ ਅਖ਼ੀਰ ਸੋਹਣੀ ਦੇ ਪਿਉ ਤੁੱਲੇ ਦੀਆਂ ਮੱਝਾਂ ਚਾਰਨ ਲੱਗਦਾ ਹੈ। ਮੱਝਾਂ ਚਾਰਨ ਦਾ ਪੇਸ਼ਾ ਹੀਣੀ ਸਮਾਜਿਕ ਦਸ਼ਾ ਦਾ ਪ੍ਰਤੀਕ ਹੈ। ਇਹੋ ਕਾਰਨ ਹੈ ਕਿ ਹੀਰ ਰਾਂਝੇ ਤੇ ਸੋਹਣੀ ਮਹੀਂਵਾਲ ਦੇ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਅਤੇ ਨਾਇਕਾਵਾਂ ਦੇ ਵਿਆਹ ਹੋਰਨੀਂ ਥਾਈਂ ਕਰ ਦਿੱਤੇ ਜਾਂਦੇ ਹਨ।

6.**ਨਾਇਕ ਦਾ ਸਫ਼ਰ 'ਤੇ ਜਾਣਾ** :ਪੰਜਾਬੀ ਕਿੱਸਿਆਂ ਦੇ ਸਾਰੇ ਹੀ ਨਾਇਕ ਮੁਸਾਫ਼ਰੀ ਦੀ ਹਾਲਤ ਵਿੱਚ ਹਨ ਅਤੇ ਪੰਜਾਬ ਦੀ ਪਿਆਰ-ਭਾਵਨਾ ਦਾ ਮੁਸਾਫ਼ਰੀ ਨਾਲ ਡੂੰਘਾ ਸੰਬੰਧ ਹੈ। ਪੰਜਾਬ ਦੇ ਕਿੱਸਾ-ਨਾਇਕ ਹੀ ਨਹੀਂ, ਲੋਕ ਨਾਇਕ ਵੀ ਆਪਣੇ ਘਰਾਂ ਤੋਂ ਟੁੱਟ ਕੇ ਪੰਜਾਬੀ ਮੁਹੱਬਤ ਦੇ ਯੋਗ ਬਣੇ ਹਨ। ਪੰਜਾਬ ਦੇ ਸਰਬੋਤਮ ਲੋਕ-ਨਾਇਕ ਗੁਰੂ ਨਾਨਕ ਦੀ ਮਿਸਾਲ ਸਾਡੇ ਸਾਹਮਣੇ ਹੈ, ਜਿਸ ਨੇ ਆਪਣੇ ਕਰਮ-ਪ੍ਰਧਾਨ ਜੀਵਨ ਦਾ ਬਹੁਤਾ ਹਿੱਸਾ ਚਹੁੰ ਕੂੰਟਾਂ ਦੀ ਸਾਫ਼ਰੀ ਵਿੱਚ ਹੀ ਕੱਟਿਆ। ਅੱਜ ਤੀਕ ਦੀ ਪੰਜਾਬੀ ਸਮਰੱਥਾ ਦੂਰ ਵਲਿੱਖੀ ਜਾਣ ਲਈ ਲੋਚਦੀ ਹੈ। ਇਉਂ ਲੱਗਦਾ ਹੈ ਕਿ ਜਿਵੇਂ ਪੰਜਾਬੀ ਪ੍ਰਤਿਭਾ ਆਪਣੇ ਘਰ ਤੋਂ ਟੁੱਟ ਕੇ ਹੀ ਪ੍ਰਮਾਣਿਕ ਪ੍ਰਕਾਸ਼ ਪ੍ਰਾਪਤ ਕਰਦੀ ਹੈ।[72] ਰਾਂਝਾ ਘਰੋਂ ਨਿਕਲਦਾ ਹੈ ਤੇ ਨਿਰੰਤਰ ਹੀਰ ਦਾ ਪਿੱਛਾ ਕਰਦਾ ਹੈ। ਮਿਰਜ਼ਾ, ਪੁੰਨੂੰ, ਕਾਮਰੂਪ, ਸੈਫ਼ੂਲ ਮਲੂਕ ਆਦਿ ਨਾਇਕਾ ਨੂੰ ਪ੍ਰਾਪਤ ਕਰਨ ਲਈ ਘਰੋਂ ਨਿਕਲਦੇ ਹਨ।ਨਾਇਕ ਦੇ ਟਾਕਰੇ 'ਤੇ ਨਾਇਕਾ ਬਹੁਤ ਘੱਟ ਆਪਣੇ ਘਰੋਂ ਦੂਰ-ਦੁਰਾਡੇ ਸਥਾਨਾਂ ਤੇ ਲੰਬੇ ਸਮੇਂ ਲਈ ਨਿਕਲਦੀ ਹੈ। ਉਸ ਨੂੰ ਉਧਾਲ ਕੇ, ਧੱਕੇ ਨਾਲ ਚੁੱਕ ਕੇ ਜਾਂ ਛੁਪਾ ਕੇ ਜ਼ਰੂਰ ਦੂਰ-ਦੁਰਾਡੇ ਲਿਜਾਇਆ ਗਿਆ ਹੈ।

ਨਾਇਕ ਦਾ ਸਫ਼ਰ 'ਤੇ ਹੋਣ ਨਾਲ ਕਥਾਨਕ ਨੂੰ ਨਵੀਆਂ ਘਟਨਾਵਾਂ ਤੇ ਦ੍ਰਿਸ਼ ਘੜਨ ਦਾ ਮੌਕਾ ਮਿਲਦਾ ਹੈ। ਇਸ ਨਾਲ ਕਥਾ ਵਿੱਚ ਰੰਗੀਨੀ ਆਉਂਦੀ ਹੈ।ਪ੍ਰੇਮਮਈ ਕਿੱਸਿਆਂ ਵਿੱਚ ਵੀ ਨਾਇਕ ਸਫ਼ਰ ਦੀ ਹਾਲਤ ਵਿੱਚ ਪ੍ਰੇਮਿਕਾ ਨੂੰ ਮਿਲਦੇ ਹਨ ਤੇ ਉਹਨਾਂ ਵਿੱਚ ਪਿਆਰ ਦਾ ਮੁੱਢ ਬੱਝਦਾ ਹੈ। ਇਸ ਤਰ੍ਹਾਂ ਸਫ਼ਰ ਵਿੱਚ ਹੀ ਉਹਨਾਂ ਦੀ ਹੋਣੀ ਨਿਰਧਾਰਿਤ ਹੁੰਦੀ ਹੈ। ਆਮ ਤੌਰ 'ਤੇ ਉਹਨਾਂ ਦੇ ਇਸ਼ਕ ਨੂੰ ਸਮਾਜ ਵੱਲੋਂ ਪ੍ਰਵਾਨਗੀ ਨਹੀਂ ਮਿਲਦੀ ਤੇ ਉਹਨਾਂ ਦਾ ਅੰਤ ਦੁਖਾਂਤਿਕ ਹੁੰਦਾ ਹੈ।ਅਸਲ ਵਿੱਚ ਘਰ ਬੈਠ ਕੇ ਤਾਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਬਹਾਦਰੀ ਤੇ ਜਤ-ਸਤ ਦੇ ਜੌਹਰ ਤਾਂ ਘਰੋਂ ਨਿਕਲ ਕੇ ਹੀ ਵਿਖਾਏ ਜਾ ਸਕਦੇ ਹਨ।

7.**ਵਿਜੋਗ ਵਿੱਚ ਮਰਨਾ** :ਪੰਜਾਬੀ ਕਿੱਸਾ-ਕਾਵਿ ਵਿੱਚ ਨਾਇਕ ਨਾਇਕਾ ਆਪਣੇ ਪ੍ਰੇਮੀ ਦੇ ਵਿਛੋੜੇ ਵਿੱਚ ਜਾਨ ਦੇ ਦੇਂਦੇ ਹਨ, ਪਰ ਇਸ਼ਕ ਨੂੰ ਲੀਕ ਨਹੀਂ ਲੱਗਣ ਦੇਂਦੇ। ਹੀਰ ਦਮੋਦਰ ਵਿੱਚ ਕਿੱਸੇ ਦਾ ਅੰਤ ਸੁਖਾਂਤ ਹੈ ਪਰ ਹੀਰ ਵਾਰਿਸ ਤੇ ਬਾਕੀ ਕਿੱਸਾਕਾਰਾਂ ਨੇ ਕਿੱਸੇ ਦਾ ਅੰਤ ਦੁਖਾਂਤ ਵਿੱਚ ਕੀਤਾ ਹੈ। ਹੀਰ ਨੂੰ ਜ਼ਹਿਰ ਦੇ ਦਿੱਤਾ ਜਾਂਦਾ ਹੈ ਤੇ ਰਾਂਝਾ ਉਸ ਦੇ ਵਿਛੋੜੇ ਵਿੱਚ ਆਤਮ-ਹੱਤਿਆ ਕਰ ਲੈਂਦਾ ਹੈ।

ਇਸ ਤਰ੍ਹਾਂ ਸੰਸਾਰਕ ਰੂੜ੍ਹੀਆਂ ਦਾ ਕਿੱਸਾ-ਕਾਵਿ ਦੇ ਸਾਹਿਤਿਕ ਅਤੇ ਸਭਿਆਚਾਰਿਕ ਖੇਤਰ ਵਿੱਚ ਵਿਸ਼ੇਸ਼ ਮਹੱਤਵ ਹੈ। ਰੋਜ਼ਾਨਾ ਜੀਵਨ ਦੇ ਵਰਤਣ ਵਰਤਾਰਿਆਂ ਨਾਲ ਸੰਬੰਧਿਤ ਇਹਨਾਂ ਕਥਾਨਕ ਰੂੜ੍ਹੀਆਂ ਨੂੰ

ਅਸਧਾਰਨਤਾ ਅਤੇ ਵਿੱਚਿਤਰਤਾ ਕਰਕੇ ਮੁੜ ਮੁੜ ਦੁਹਰਾਇਆ ਗਿਆ ਹੈ ਤੇ ਕਥਾਕਾਰਾਂ ਨੇ ਵੱਖ ਵੱਖ ਉਦੇਸ਼ਾਂ ਦੀ ਪੂਰਤੀ ਲਈ ਇਹਨਾਂ ਵੀ ਵਰਤੋਂ ਕੀਤੀ ਹੈ।

ਉਪਰੋਕਤ ਚਰਚਾ ਤੋਂ ਅਸੀਂ ਇਸ ਨਤੀਜੇ ‘ਤੇ ਅੱਪੜਦੇ ਹਾਂ ਕਿ ਹੀਰ ਵਾਰਿਸ ਵਿਚ ਕਥਾਨਕ ਰੂੜ੍ਹੀਆਂ ਦਾ ਅਹਿਮ ਸਥਾਨ ਹੈ।ਇਸ ਨੇ ਕਿਸੇ ਦੀ ਬਣਤਰ ਵਿਚ ਜਿੱਥੇ ਰੌਚਿਕਤਾ ਤੇ ਅਦਭੁੱਤਤਾ ਭਰੀ ਹੈ ,ਉੱਥੇ ਕਿਸੇ ਦੀ ਚਾਲ ਵਿੱਚ ਖੜੋਤ ਨਹੀਂ ਆਉਣ ਦਿੱਤੀ ।ਪਾਠਕ ਵਾਐਦਾਈ ਕਿੱਸੇ ਨੂੰ ਪੜ੍ਹੀ ਜਾਂਦਾ ਹੈ ਤੇ ਅੱਗੇ ਕੀ ਹੋਵੇਗਾ? ਜਾਨਣ ਲਈ ਉਤਸਕ ਰਹਿੰਦਾ ਹੈ।

## ਹਵਾਲੇ ਅਤੇ ਟਿਪਣੀਆਂ


1. **ਮਧਕਾਲੀਨ ਪੰਜਾਬੀ ਕਥਾ:ਰੂਪ ਅਤੇ ਪਰੰਪਰਾ**, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1977 ,ਪੰਨਾ 23.
2. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਜੀਵਨ ਮੰਦਰ ਪ੍ਰਕਾਸ਼ਨ, ਅੰਮ੍ਰਿਤਸਰ,1973 ਪੰਨਾ 125.
3. ਜੋਸ਼ੀ, ਸ਼ਸ਼ੀ, **ਕਾਵਯ ਰੂੜ੍ਹੀਆਂ : ਆਧੁਨਿਕ ਕਵਿਤਾ ਕੇ ਪ੍ਰਿਪ੍ਰੇਖਸ਼ਯ ਮੇਂ**, ਉਪਮਾ ਪ੍ਰਕਾਸ਼ਨ, ਜੈਪੁਰ, ਮਿਤੀਹੀਣ ਪੰਨਾ
4. **ਹੀਰ ਵਾਰਿਸ (ਸਮੇਤ 'ਭੂਮਿਕਾ' ਦੇ)** ,ਸੰਪ. ਜੀਤ ਸਿੰਘ ਸੀਤਲ, ਪੈਪਸੂ ਬੁਕ ਡਿਪੂ,ਪਟਿਆਲਾ, ਮਿਤੀਹੀਣ, ਪੰਨਾ 6 **ਉਹੀ**, ਪੰਨਾ 63 .
5. **ਉਹੀ**, ਪੰਨਾ 75
6. **ਉਹੀ** ,ਪੰਨਾ 317-318.
7. **ਹੀਰ ਵਾਰਿਸ ਸ਼ਾਹ** (ਸੰਪਾ.ਸੰਤ ਸਿੰਘ ਸੇਖੋਂ, ਸਾਹਿਤ ਅਕਾਦੇਮੀ, ਨਵੀਂ ਦਿਲੀ, ਦੂਜੀ ਵਾਰ 1977, ਪੰਨਾ 310.
8. **ਹੀਰ ਵਾਰਿਸ (ਸਮੇਤ 'ਭੂਮਿਕਾ' ਦੇ) ,ਸੰਪ. ਜੀਤ ਸਿੰਘ ਸੀਤਲ, ਪੈਪਸੂ ਬੁਕ ਡਿਪੂ,ਪਟਿਆਲਾ, ਮਿਤੀਹੀਣ,ਪੰਨਾ** 26.
9. **ਸਹਿਤ ਦੀ ਸਮਝ** ਪੰਨੇ 331-332.